
ਵਿਸ਼ਾ ਪੰਜਾਬੀ ਜਮਾਤ ਦਸਵੀਂ ਸਾਲ ਅਪਰੈਲ 2020

# ਗੁਰਮਤਿ ਕਾਵਿ ਗੁਰੂ ਅਮਰਦਾਸ ਜੀ

## (ਪ੍ਰਸੰਗ ਸਹਿਤ ਵਿਆਖਿਆ ਅਤੇ ਕੇਂਦਰੀ ਭਾਵ)



1. ਅਨੰਦ ਭਇਆ ਮੇਰੀ ਮਾਏ

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥1॥

**ਪ੍ਰਸੰਗ :-** ਇਹ ਕਾਵਿ-ਟੋਟਾ ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦ ਸਾਹਿਬ' ਵਿੱਚੋਂ ਲਿਆ ਗਿਆ ਹੈ ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ 'ਅਨੰਦ ਭਇਆ ਮੇਰੀ ਮਾਏ' ਸਿਰਲੇਖ ਹੇਠ ਦਰਜ ਹੈ। ਇਸ ਬਾਣੀ ਵਿੱਚ ਗੁਰੂ ਸਾਹਿਬ ਦੱਸਦੇ ਹਨ ਜੀਵ ਦੀ ਸਾਰੀ ਉਮਰ ਮਾਇਆ ਦੇ ਹੱਥਾਂ ਉੱਤੇ ਹੀ ਨੱਚਦਾ ਰਹਿੰਦਾ ਹੈ ਤੇ ਦੁਖੀ ਰਹਿੰਦਾ ਹੈ। ਜਿਸ ਮਨੁੱਖ ਉਤੇ ਪਰਮਾਤਮਾ ਮਿਹਰ ਕਰਦਾ ਹੈ, ਉਸ ਨੂੰ ਗੁਰੂ ਉਪਦੇਸ਼ ਦੀ ਪ੍ਰਾਪਤੀ ਹੁੰਦੀ ਹੈ ਤੇ ਉਸ ਦੀ ਮਾਇਕ ਭਟਕਣਾ ਦੂਰ ਹੋ ਜਾਂਦੀ ਹੈ। ਉਸ ਦੀ ਦੁੱਖਾਂ ਤੋਂ ਨਵਿਰਤੀ ਹੁੰਦੀ ਹੈ ਤੇ ਮਨ ਵਿੱਚ ਹਰ ਵੇਲੇ ਅਨੰਦ ਬਣਿਆ ਰਹਿੰਦਾ ਹੈ।

**ਵਿਆਖਿਆ :-** ਗੁਰੂ ਸਾਹਿਬ ਫ਼ਰਮਾਉਂਦੇ ਹਨ, ਹੇ ਮੇਰੀ ਮਾਂ ! ਮੇਰੇ ਅੰਦਰ ਪੂਰਨ ਖਿੜਾਓ ਪੈਦਾ ਹੋ ਗਿਆ ਹੈ ਕਿਉਂਕਿ ਮੈਨੂੰ ਸੱਚਾ ਗੁਰੂ ਮਿਲ ਗਿਆ ਹੈ। ਮੈਨੂੰ ਸਤਿਗੁਰੂ ਮਿਲਿਆ ਹੈ ਅਤੇ ਨਾਲ ਹੀ ਅਡੋਲ ਅਵਸਥਾ ਵੀ ਪ੍ਰਾਪਤ ਹੋ ਗਈ ਹੈ। ਗੁਰੂ ਦੇ ਮਿਲਣ ਨਾਲ ਮੇਰਾ ਮਨ ਡੋਲਣੋ ਹੱਟ ਗਿਆ ਹੈ। ਮੇਰੇ ਮਨ ਵਿੱਚ ਮਾਨੋ ਖ਼ੁਸ਼ੀ ਦੇ ਵਾਜੇ ਵੱਜ ਰਹੇ ਹਨ; ਸੋਹਣੇ ਰਾਗ ਆਪਣੇ ਪਰਿਵਾਰ ਤੇ ਰਾਗਨੀਆਂ ਸਮੇਤ ਮੇਰੇ ਮਨ ਵਿੱਚ ਮਾਨੋ ਪ੍ਰਭੂ ਦੀ ਸਿਫ਼ਤ ਸਲਾਹ ਦੇ ਗੀਤ ਗਾਉਣ ਆ ਗਏ ਹਨ।

ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥2

**ਪ੍ਰਸੰਗ :-** ਇਹ ਕਾਵਿ-ਟੋਟਾ ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦ ਸਾਹਿਬ' ਵਿੱਚੋਂ ਲਿਆ ਗਿਆ ਹੈ ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ 'ਅਨੰਦ ਭਇਆ ਮੇਰੀ ਮਾਏ' ਸਿਰਲੇਖ ਹੇਠ ਦਰਜ ਹੈ। ਇਸ ਬਾਣੀ ਵਿੱਚ ਗੁਰੂ ਸਾਹਿਬ ਦੱਸਦੇ ਹਨ ਜੀਵ ਦੀ ਸਾਰੀ ਉਮਰ ਮਾਇਆ ਦੇ ਹੱਥਾਂ ਉੱਤੇ ਹੀ ਨੱਚਦਾ ਰਹਿੰਦਾ ਹੈ ਤੇ ਦੁਖੀ ਰਹਿੰਦਾ ਹੈ। ਜਿਸ ਮਨੁੱਖ ਉਤੇ ਪਰਮਾਤਮਾ ਮਿਹਰ ਕਰਦਾ ਹੈ, ਉਸ ਨੂੰ ਗੁਰੂ ਉਪਦੇਸ਼ ਦੀ ਪ੍ਰਾਪਤੀ ਹੁੰਦੀ ਹੈ ਤੇ ਉਸ ਦੀ ਮਾਇਕ ਭਟਕਣਾ ਦੂਰ ਹੋ ਜਾਂਦੀ ਹੈ। ਉਸ ਦੀ ਦੁੱਖਾਂ ਤੋਂ ਨਵਿਰਤੀ ਹੁੰਦੀ ਹੈ ਤੇ ਮਨ ਵਿੱਚ ਹਰ ਵੇਲੇ ਅਨੰਦ ਬਣਿਆ ਰਹਿੰਦਾ ਹੈ।

**ਵਿਆਖਿਆ :-** ਗੁਰੂ ਸਾਹਿਬ ਕਹਿੰਦੇ ਹਨ, ਹੇ ਮਨ ! ਤੂੰ ਸਦਾ ਪ੍ਰਭੂ ਦੇ ਨਾਲ ਜੁੜਿਆ ਰਹਿ। ਤੂੰ ਸਦਾ ਪ੍ਰਭੂ ਨੂੰ ਯਾਦ ਰੱਖ। ਉਹ ਪ੍ਰਭੂ ਸਾਰੇ ਦੁੱਖ ਦੂਰ ਕਰਨ ਵਾਲਾ ਹੈ। ਇਹ ਸਦਾ ਤੇਰੀ ਸਹਾਇਤਾ ਕਰਨ ਵਾਲਾ ਹੈ ਤੇ ਤੇਰੇ ਸਾਰੇ ਕੰਮ ਸਿਰੇ ਚਾੜ੍ਹਨ ਦੇ ਸਮਰੱਥ ਹੈ। ਜਿਹੜਾ ਪ੍ਰਭੂ ਸਭ ਕੁਝ ਕਰਨ ਦੇ ਸਮਰੱਥ ਹੈ, ਤਾਂ ਉਸ ਨੂੰ ਮਨੋ ਕਿਉਂ ਵਿਸਾਰਿਆ ਜਾਵੇ ਹੇ। ਮੇਰੇ ਮਨ ਤੂੰ ਸਦਾ ਪ੍ਰਭੂ ਨਾਲ ਜੁੜਿਆ ਰਹਿ।

## 2. ਏ ਸਰੀਰਾ ਮੇਰਿਆ

ਏ ਸਰੀਰਾ ਮੇਰਿਆ ਇਸੁ ਜਗ ਮਹਿ
ਆਇ ਕੈ ਕਿਆ ਤੁਧੁ ਕਰਮ ਕਮਾਇਆ ॥
ਕਿ ਕਰਮ ਕਮਾਇਆ ਤੁਧੁ ਸਰੀਰਾ
ਜਾ ਤੂ ਜਗ ਮਹਿ ਆਇਆ ॥
ਜਿਨਿ ਹਰਿ ਤੇਰਾ ਰਚਨੁ ਰਚਿਆ
ਸੋ ਹਰਿ ਮਨਿ ਨ ਵਸਾਇਆ ॥
ਗੁਰ ਪਰਸਾਦੀ ਹਰਿ ਮੰਨਿ ਵਸਿਆ
ਪੂਰਬਿ ਲਿਖਿਆ ਪਾਇਆ ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥

ਪ੍ਰਸੰਗ :- ਇਹ ਕਾਵਿ-ਟੋਟਾ ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦ ਸਾਹਿਬ' ਵਿੱਚੋਂ ਲਿਆ ਗਿਆ ਹੈ ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ 'ਏ ਸਰੀਰਾ ਮੇਰਿਆ' ਸਿਰਲੇਖ ਹੇਠ ਦਰਜ ਹੈ। ਇਸ ਵਿੱਚ ਗੁਰੂ ਸਾਹਿਬ ਦੱਸਦੇ ਹਨ ਕਿ ਜੀਵ ਨੂੰ ਜੰਮਦਿਆਂ ਹੀ ਮਾਂ ਪਿਓ ਆਦਿ ਦੇ ਪਿਆਰ ਰਾਹੀਂ ਮਾਇਆ ਘੇਰ ਲੈਂਦੀ ਹੈ, ਸਾਰੀ ਉਮਰ ਉਹ ਮਾਇਆ ਦੇ ਹੱਥਾਂ ਉੱਤੇ ਹੀ ਨੱਚਦਾ ਰਹਿੰਦਾ ਹੈ ਤੇ ਦੁਖੀ ਰਹਿੰਦਾ ਹੈ। ਜਿਸ ਮਨੁੱਖ ਉਤੇ ਪਰਮਾਤਮਾ ਮਿਹਰ ਕਰਦਾ ਹੈ, ਉਸ ਨੂੰ ਗੁਰੂ ਉਪਦੇਸ਼ ਦੀ ਪ੍ਰਾਪਤੀ ਹੁੰਦੀ ਹੈ ਤੇ ਉਸ ਦੀ ਮਾਇਕ ਭਟਕਣਾ ਦੂਰ ਹੋ ਜਾਂਦੀ ਹੈ। ਉਸ ਦੀ ਦੁੱਖਾਂ ਤੋਂ ਨਵਿਰਤੀ ਹੁੰਦੀ ਹੈ ਤੇ ਮਨ ਵਿੱਚ ਹਰ ਵੇਲੇ ਆਨੰਦ ਬਣਿਆ ਰਹਿੰਦਾ ਹੈ।

ਵਿਆਖਿਆ :- ਗੁਰੂ ਜੀ ਆਖਦੇ ਹਨ, ਹੇ ਮੇਰੇ ਸਰੀਰ ! ਇਸ ਸੰਸਾਰ ਵਿੱਚ ਜਨਮ ਲੈ ਕੇ ਤੂੰ ਕਿਹੜੇ ਫ਼ਜ਼ੂਲ ਕੰਮ ਕਰਦਾ ਹੈਂ? ਜਦੋਂ ਦਾ ਤੂੰ ਇਸ ਸੰਸਾਰ ਵਿੱਚ ਆਇਆ ਹੈਂ ਤਾਂ ਤੂੰ ਫ਼ਜ਼ੂਲ ਕੰਮ ਕਰਨ ਵਿੱਚ ਹੀ ਭਟਕ ਰਿਹਾ ਹੈ। ਤੇਰੇ ਕਰਨ ਯੋਗ ਇੱਕ ਵਿਸ਼ੇਸ਼ ਕੰਮ ਸੀ ਕਿ ਤੂੰ ਉਸ ਪ੍ਰਭੂ ਨੂੰ ਆਪਣੇ ਹਿਰਦੇ ਵਿੱਚ ਵਸਾਉਂਦਾ, ਜਿਸ ਨੇ ਤੇਰੇ ਸਰੀਰ ਦੀ ਰਚਨਾ ਕੀਤੀ ਹੈ, ਪ੍ਰੰਤੂ ਤੂੰ ਇਹ ਕੰਮ ਨਹੀਂ ਕੀਤਾ। ਜਿਨ੍ਹਾਂ ਮਨੁੱਖਾਂ ਦੇ ਪੂਰਬਲੇ ਕਰਮਾਂ ਅਨੁਸਾਰ ਲਿਖਿਆ ਹੋਇਆ ਸੀ, ਉਨ੍ਹਾਂ ਉੱਤੇ ਗੁਰੂ ਦੀ ਕਿਰਪਾ ਹੋਈ ਹੈ ਤੇ ਉਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦਾ ਨਿਵਾਸ ਹੋ ਗਿਆ ਹੈ। ਉਨ੍ਹਾਂ ਮਨੁੱਖਾਂ ਦਾ ਸਰੀਰ ਹੀ ਸਫਲ ਹੁੰਦਾ ਹੈ, ਜਿਨ੍ਹਾਂ ਨੇ ਸੱਚੇ ਸਤਿਗੁਰੂ ਨਾਲ ਆਪਣਾ ਚਿੱਤ ਜੋੜ ਲਿਆ ਹੈ।

ਕੇਂਦਰੀ ਭਾਵ ਮਨੁੱਖ ਦਾ ਸਰੀਰ ਇਸ ਸੰਸਾਰ ਵਿੱਚ ਆ ਕੇ ਆਪਣੇ ਰਚਣਹਾਰ ਪਰਮਾਤਮਾ ਨੂੰ ਭੁੱਲ ਕੇ ਫ਼ਜ਼ੂਲ, ਕੰਮ ਕਰਨ ਵਿੱਚ ਹੀ ਲੱਗਾ ਰਹਿੰਦਾ ਹੈ ਪਰਤੂੰ ਜਿਨ੍ਹਾਂ ਦੇ ਉੱਤੇ ਪੂਰਬਲੇ ਕਰਮਾਂ ਅਨੁਸਾਰ ਸਤਿਗੁਰੂ ਦੀ ਮਿਹਰ ਹੁੰਦੀ ਹੈ, ਉਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ ਤੇ ਉਨ੍ਹਾਂ ਦਾ ਸਰੀਰ ਸਫਲ ਹੋ ਜਾਂਦਾ ਹੈ।

## __ 3. ਕਿਰਪਾ ਕਰਿ ਕੈ ਬਖਸਿ ਲੈਹੁ

ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥

ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥

ਹਰਿ ਜੀਉ ਲੇਖੈ ਵਾਰ ਨ ਆਵਈ ਤੂੰ ਬਖਸਿ ਮਿਲਾਵਣਹਾਰੁ ॥

ਪ੍ਰਸੰਗ :- ਇਹ ਕਾਵਿ-ਟੋਟਾ ਗੁਰੂ ਅਮਰਦਾਸ ਜੀ ਦੀ ਬਾਣੀ 'ਸਲੋਕ ਵਾਰਾਂ ਤੇ ਵਧੀਕ' ਵਿੱਚੋਂ ਲਿਆ ਗਿਆ ਹੈ ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ ਦਰਜ 'ਕਿਰਪਾ ਕਰਿ ਕੈ ਬਖਸ਼ ਲੈਹੁ' ਸਿਰਲੇਖ ਹੇਠ ਦਰਜ ਹੈ। ਇਸ ਸਲੋਕ ਵਿੱਚ ਗੁਰੂ ਜੀ ਨੇ ਜੀਵ ਨੂੰ ਭਾਰੀ ਗੁਨਾਹਗਾਰ ਦੱਸਦਿਆਂ ਹੋਇਆਂ ਪ੍ਰਭੂ ਨੂੰ ਆਪਣੀ ਮਿਹਰ ਬਖ਼ਸ਼ ਦੇਣ ਦੀ ਬੇਨਤੀ ਕੀਤੀ ਹੈ।

ਵਿਆਖਿਆ :- ਗੁਰੂ ਜੀ ਪ੍ਰਭੂ ਅੱਗੇ ਅਰਜ਼ੋਈ ਕਰਦੇ ਹਨ ਕਿ ਅਸੀਂ ਜੀ ਬਹੁਤ ਭੁੱਲਾਂ ਕਰਦੇ ਰਹਿੰਦੇ ਹਾਂ। ਸਾਡੀਆਂ ਭੁੱਲਾਂ ਦਾ ਅੰਤ ਨਹੀਂ ਹੋ ਸਕਦਾ। ਸਾਡੀਆਂ ਭੁੱਲਾਂ ਦਾ ਉਰਲਾ-ਪਰਲਾ ਬੰਨਾ ਨਹੀਂ ਲੱਭਦਾ। ਹੇ ਪ੍ਰਭੂ ! ਤੂੰ ਮਿਹਰ ਕਰ ਕੇ ਆਪ ਹੀ ਸਾਨੂੰ ਬਖਸ਼ ਲੈ; ਅਸੀਂ ਪਾਪੀ ਤੇ ਗੁਨਾਹਗਾਰ ਹਾਂ। ਸਾਡੇ ਕੀਤੇ ਕਰਮਾਂ ਦੇ ਲੇਖੇ ਦੇ ਰਾਹੀਂ ਤਾਂ ਬਖ਼ਸ਼ਿਸ਼ ਹਾਸਿਲ ਕਰਨ ਦੀ ਸਾਡੀ ਵਾਰੀ ਹੀ ਨਹੀਂ ਆ ਸਕਦੀ। ਪਰ ਤੂੰ ਸਾਡੀਆਂ ਭੁੱਲਾਂ ਬਖ਼ਸ਼ ਕੇ ਸਾਨੂੰ ਆਪਣੇ ਚਰਨਾਂ ਵਿੱਚ ਮਿਲਾਉਣ ਦੀ ਸਮਰੱਥਾ ਰੱਖਦਾ ਹੈ।

ਗੁਰ ਤੁਠੈ ਹਰਿ ਪ੍ਰਭੁ ਮੇਲਿਆ ਸਭ ਕਿਲਵਿਖ ਕਟਿ ਵਿਕਾਰ ॥

ਜਿਨਾ ਹਰਿ ਹਰਿ ਨਾਮੁ ਧਿਆਇਆ ਜਨ ਨਾਨਕ ਤਿਨ੍ਹ ਜੈਕਾਰੁ॥

ਪ੍ਰਸੰਗ :- ਇਹ ਕਾਵਿ-ਟੋਟਾ ਗੁਰੂ ਅਮਰਦਾਸ ਜੀ ਦੀ ਬਾਣੀ 'ਸਲੋਕ ਵਾਰਾਂ ਤੇ ਵਧੀਕ' ਵਿੱਚੋਂ ਲਿਆ ਗਿਆ ਹੈ ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ ਦਰਜ 'ਕਿਰਪਾ ਕਰਿ ਕੈ ਬਖਸ਼ ਲੈਹੁ' ਸਿਰਲੇਖ ਹੇਠ ਦਰਜ ਹੈ। ਇਸ ਸਲੋਕ

ਵਿੱਚ ਗੁਰੂ ਜੀ ਨੇ ਜੀਵ ਨੂੰ ਭਾਰੀ ਗ਼ੁਨਾਹਗਾਰ ਦੱਸਦਿਆਂ ਹੋਇਆਂ ਪ੍ਰਭੂ ਨੂੰ ਆਪਣੀ ਮਿਹਰ ਬਖ਼ਸ਼ ਦੇਣ ਦੀ ਬੇਨਤੀ ਕੀਤੀ ਹੈ।

**ਵਿਆਖਿਆ :-** ਗੁਰੂ ਦੀ ਅਰਜ਼ੋਈ ਕਰਦੇ ਹਨ ਕਿ ਅਸੀਂ ਜੀਵ ਬਹੁਤ ਭੁੱਲਾਂ ਕਰਦੇ ਰਹਿੰਦੇ ਹਾਂ। ਸਾਡੀਆਂ ਭੁੱਲਾਂ ਦਾ ਅੰਤ ਨਹੀਂ ਹੋ ਸਕਦਾ। ਉਹ ਪ੍ਰਭੂ ਮਿਹਰ ਕਰ ਕੇ ਸਾਨੂੰ ਬਖ਼ਸ਼ ਸਕਦਾ ਹੈ। ਹੇ ਪ੍ਰਭੂ ! ਤੂੰ ਮਿਹਰ ਕਰ ਕੇ ਆਪ ਹੀ ਸਾਨੂੰ ਬਖ਼ਸ਼ ਲੈ; ਜਿਸ ਜੀਵ ਉੱਤੇ ਗੁਰੂ ਦੀ ਮਿਹਰ ਹੋ ਗਈ ਹੈ, ਉਹ ਉਸ ਦੇ ਅੰਦਰੋਂ ਸਾਰੇ ਪਾਪ ਤੇ ਵਿਕਾਰ ਕੱਟ ਕੇ ਉਸ ਨੂੰ ਪ੍ਰਭੂ ਨਾਲ ਮਿਲਾ ਦਿੰਦਾ ਹੈ। ਜਿਨ੍ਹਾਂ ਮਨੁੱਖਾਂ ਨੇ ਪਰਮਾਤਮਾ ਦਾ ਨਾਮ ਸਿਮਰਿਹਾ ਹੈ, ਉਨ੍ਹਾਂ ਦੀਆਂ ਭੁੱਲਾਂ ਬਖ਼ਸ਼ੀਆਂ ਜਾਂਦੀਆਂ ਹਨ ਤੇ ਉਨ੍ਹਾਂ ਨੂੰ ਲੋਕ- ਪਰਲੋਕ ਵਿੱਚ ਇੱਜ ਮਿਲਦੀ ਹੈ।

## ਕੇਂਦਰੀ ਭਾਵ

### ਅਨੰਦ ਭਇਆ ਮੇਰੀ ਮਾਏ

ਪ੍ਰਮਾਤਮਾ ਦੀ ਮਿਹਰ ਨਾਲ ਜਦੋਂ ਮਨੁੱਖ ਨੂੰ ਸਤਿਗੁਰ ਦੀ ਪ੍ਰਾਪਤੀ ਹੁੰਦੀ ਹੈ, ਤਾਂ ਉਸ ਦੇ ਉਪਦੇਸ਼ ਨਾਲ ਮਨੁੱਖ ਦੀ ਮਾਇਆ ਦੀ ਭਟਕਣਾ ਦੂਰ ਹੁੰਦੀ ਹੈ। ਉਸ ਦੀ ਦੁੱਖਾਂ-ਕਲੇਸ਼ਾਂ ਤੋਂ ਨਵਿਰਤੀ ਹੁੰਦੀ ਹੈ ਤੇ ਪ੍ਰਭੂ ਦੀ ਸਿਫ਼ਤ-ਸਲਾਹਿ ਵਿੱਚ ਜੁੜਿਆ ਮਨ ਅਡੋਲ ਅਨੰਦ ਦੀ ਅਵਸਥਾ ਵਿਚ ਟਿਕ ਜਾਂਦਾ ਹੈ।

### ਏ ਸਰੀਰਾ ਮੇਰਿਆ

ਮਨੁੱਖ ਦਾ ਸਰੀਰ ਇਸ ਸੰਸਾਰ ਵਿੱਚ ਆ ਕੇ ਆਪਣੇ ਰਚਣਹਾਰ ਪਰਮਾਤਮਾ ਨੂੰ ਭੁੱਲ ਕੇ ਫ਼ਜ਼ੂਲ, ਕੰਮ ਕਰਨ ਵਿੱਚ ਹੀ ਲੱਗਾ ਰਹਿੰਦਾ ਹੈ ਪਰਤੂੰ ਜਿਨ੍ਹਾਂ ਦੇ ਉੱਤੇ ਪੂਰਬਲੇ ਕਰਮਾਂ ਅਨੁਸਾਰ ਸਤਿਗੁਰੂ ਦੀ ਮਿਹਰ ਹੁੰਦੀ ਹੈ, ਉਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ ਤੇ ਉਨ੍ਹਾਂ ਦਾ ਸਰੀਰ ਸਫਲ ਹੋ ਜਾਂਦਾ ਹੈ।

### ਕਿਰਪਾ ਕਰਿ ਕੈ ਬਖਸਿ ਲੈਹੁ

ਜੀਵ ਬਹੁਤ ਭੁੱਲਾਂ ਤੇ ਗੁਨਾਹ ਕਰਨ ਵਾਲਾ ਹੈ, ਜਿਨ੍ਹਾਂ 'ਤੇ ਪ੍ਰਭੂ ਕਿਰਪਾ ਕਰਕੇ ਹੀ ਉਸ ਨੂੰ ਬਖ਼ਸ਼ ਸਕਦਾ ਹੈ ਤੇ ਪ੍ਰਭੂ ਨਾਲ ਮਿਲਾਪ ਉਨ੍ਹਾਂ ਦਾ ਹੁੰਦਾ ਹੈ, ਜਿਹੜੇ ਉਸ ਦਾ ਨਾਮ ਧਿਆ ਕੇ ਸਾਰੇ ਪਾਪ ਤੇ ਵਿਕਾਰ ਕੱਟਣ ਵਾਲੇ ਗੁਰੂ ਦੀ ਕ੍ਰਿਪਾ ਦੇ ਪਾਤਰ ਬਣਦੇ ਹਨ।

## ਵਸਤੂਨਿਸ਼ਠ ਉੱਤਰ ਵਾਲੇ ਪ੍ਰਸ਼ਨ

1. ਆਨੰਦ ਕਿਸ ਤਰ੍ਹਾਂ ਪ੍ਰਾਪਤ ਹੁੰਦਾ ਹੈ ?
   ਸਤਿਗੁਰੂ ਦੀ ਪ੍ਰਾਪਤੀ ਨਾਲ
2. ਪਰਮਾਤਮਾ ਨਾਲ ਸਦਾ ਚਿੱਤ ਲਾਈ ਰੱਖਣ ਦਾ ਕੀ ਸੁੱਖ ਹੈ ?
   ਦੁੱਖ ਦੂਰ ਹੁੰਦੇ ਹਨ
3. ਸਰੀਰ ਨੇ ਕਿਸ ਨੂੰ ਮਨ ਵਿੱਚ ਨਹੀਂ ਵਸਾਇਆ ?
   ਰਚਣਹਾਰ ਪਰਮਾਤਮਾ ਨੂੰ
4. ਕਿਸੇ ਨਾਲ ਚਿੱਤ ਲਾਉਣ ਵਾਲਾ ਸਰੀਰ ਸਫਲ ਹੁੰਦਾ ਹੈ ?
   ਸਤਿਗੁਰੂ ਨਾਲ
5. ਮਨੁੱਖ ਦੀ ਬਿਰਤੀ ਕਿਸ ਤਰ੍ਹਾਂ ਦੀ ਹੈ ?
   ਭੁੱਲਾਂ ਤੇ ਗੁਨਾਹ ਕਰਨ ਵਾਲੀ
6. ਗੁਰੂ ਪ੍ਰਸੰਨ ਹੋ ਕੇ ਕਿਹੜੀ ਦਾਤ ਦਿੰਦਾ ਹੈ ?
   ਨਾਮ ਸਿਮਰਨ ਦੀ

ਤਿਆਰ ਕਰਤਾ
ਸੰਦੀਪ ਸਿੰਘ ਪੰਜਾਬੀ ਮਾਸਟਰ
ਸਰਕਾਰੀ ਹਾਈ ਸਕੂਲ ਭਿੰਡੀ ਔਲਖ ( ਅੰਮ੍ਰਿਤਸਰ )